REPUBLIK ÖSTERREICH
BUNDESAMT FÜR FREMDENWESEN UND ASYL

# ਡਾਟਾ ਪ੍ਰੋਸੈਸਿੰਗ ਤੇ ਜਾਣਕਾਰੀ

## ਨਿਗਰਾਨੀ ਉਦੇਸ਼ਾਂ ਲਈ ਇਮੇਜ ਪ੍ਰੋਸੈਸਿੰਗ

## ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (DSGVO) ਦੀ ਧਾਰਾ 13 ਅਤੇ 14 ਦੇ ਅਨੁਸਾਰ

### ਕੰਟ੍ਰੋਲਰ ਦਾ ਨਾਮ ਅਤੇ ਸੰਪਰਕ ਵੇਰਵੇ:

Bundesamt für Fremdenwesen und Asyl (ਇਮੀਗ੍ਰੇਸ਼ਨ ਅਤੇ ਪਨਾਹ ਦਾ ਸੰਘੀ ਦਫ਼ਤਰ)
Modecenterstraße 22, 1030 Wien
ਫੋਨ: +43- 59 133 98 7004

ਫੈਕਸ: +43- 59 133 98 7399

ਈਮੇਲ: BFA-Einlaufstelle@bmi.gv.at

### ਡਾਟਾ ਸੁਰੱਖਿਆ ਅਫ਼ਸਰ ਦੇ ਸੰਪਰਕ ਵੇਰਵੇ:

ਫੋਨ: +43- 59 133 98 - 0

ਈਮੇਲ: BFA-Datenschutzbeauftragter@bmi.gv.at

### ਪ੍ਰੋਸੈਸਿੰਗ ਦੇ ਉਦੇਸ਼ ਜਿਨ੍ਹਾਂ ਲਈ ਵਿਅਕਤੀਗਤ ਡਾਟਾ ਹੈ:

ਪ੍ਰਬੰਧਕੀ ਇਮਾਰਤ ਲਈ ਪਹੁੰਚ ਖੇਤਰ ਸਮੇਤ ਪ੍ਰਵੇਸ਼ ਦੁਆਰ ਦੀ ਐਨਕ੍ਰਿਪਟਡ ਤਸਵੀਰ ਨੂੰ ਖੁੱਲ੍ਹਣ ਦੇ ਘੰਟਿਆਂ ਦੌਰਾਨ ਕੈਪਚਰ ਕਰਨਾ ਜਿਸ ਦੀ ਵਰਤੋਂ ਖਾਸ ਤੌਰ ਤੇ ਜਨਤਕ ਕਾਨੂੰਨੀ ਹਸਤੀ ਦੁਆਰਾ ਕੰਟ੍ਰੋਲਰ ਦੇ ਤੌਰ ਤੇ ਕੀਤੀ ਜਾਂਦੀ ਹੈ; ਜਾਂ ਇਮਾਰਤ ਦੇ ਵੱਖ ਕੀਤੇ ਭਾਗ ਤੱਕ ਪਹੁੰਚ ਖੇਤਰ ਸਮੇਤ ਇੱਕ ਵੱਖਰਾ ਪ੍ਰਵੇਸ਼ ਦੁਆਰ ਜੋ ਕੰਟ੍ਰੋਲਰ ਦੇ ਤੌਰ ਤੇ ਜਨਤਕ ਕਾਨੂੰਨੀ ਹਸਤੀ ਦੁਆਰਾ ਗੈਰ-ਵਿਸ਼ੇਸ਼ ਤਰੀਕੇ ਨਾਲ ਪ੍ਰਬੰਧਕੀ ਇਮਾਰਤ (ਜਿਵੇਂ ਇਮਾਰਤ ਦਾ ਅੱਧਾ ਹਿੱਸਾ, ਇੱਕ ਮੰਜ਼ਲ) ਦੇ ਤੌਰ ਤੇ ਵਰਤਿਆ ਜਾਂਦਾ ਹੈ, ਇਦ ਦੇ ਨਾਲ ਨਾਲ ਇਮੇਜ ਪ੍ਰੋਸੈਸਿੰਗ ਦੇ ਕੰਟਰੋਲਰ ਦੇ ਤੌਰ ਤੇ ਜਨਤਕ ਕਾਨੂੰਨੀ ਸੰਸਥਾ ਦੀ ਮਲਕੀਅਤ ਵਾਲੀ ਇੱਕ ਪ੍ਰਸ਼ਾਸਕੀ ਇਮਾਰਤ ਦਾ ਅਗਲਾ ਭਾਗ ਵੀ ਹੈ, ਜਾਂ ਜੋ ਪ੍ਰਸ਼ਾਸਕੀ ਇਮਾਰਤ ਦੇ ਅਗਲੇ ਭਾਗ ਦੇ ਕਿਸੇ ਨੁਕਸਾਨ ਲਈ, ਸੰਪਤੀ ਸੁਰੱਖਿਆ ਦੇ ਉਦੇਸ਼ ਲਈ ਅਤੇ ਕੰਟਰੈਕਟਿੰਗ ਅਥਾਰਟੀ ਨਾਲ ਕਾਨੂੰਨੀ ਸੰਬੰਧ ਵਿੱਚ ਵਿਅਕਤੀਆਂ ਦੀ ਸੰਪਤੀ, ਜ਼ਿੰਦਗੀ ਅਤੇ ਸਿਹਤ ਦੀ ਸੁਰੱਖਿਆ ਲਈ, ਕਿਸੇ ਸੰਭਾਵਿਤ ਆਪਰਾਧਿਕ ਕਾਰਵਾਈਆਂ ਦੀ ਰੋਕਥਾਮ, ਉਹਨਾਂ ਨੂੰ ਸੀਮਤ ਕਰਨ ਅਤੇ ਹੱਲ ਕਰਨ ਲਈ, ਜ਼ਿੰਮੇਵਾਰ ਹਨ, ਜਿੱਥੋਂ ਤੱਕ ਕੰਟਰੈਕਟਿੰਗ ਅਥਾਰਟੀ ਦੀਆਂ ਜ਼ਿੰਮੇਵਾਰੀਆਂ ਪ੍ਰਭਾਵਿਤ ਹੁੰਦੀਆਂ ਹਨ ਅਤੇ ਕੇਵਲ ਉਦੋਂ ਹੀ ਵਿਸ਼ਲੇਸ਼ਿਤ ਕੀਤੀਆਂ ਜਾਂਦੀਆਂ ਹਨ ਜਦੋਂ ਉਦੇਸ਼ ਦੁਆਰਾ ਲਾਗੂ ਪ੍ਰਭਾਸ਼ਿਤ ਕੀਤੀਆਂ ਗਈਆਂ ਹਨ, ਜਦਕਿ ਤਸਵੀਰ ਲੈਣ ਦੀ ਮਨਜ਼ੂਰੀ ਡਾਟਾ ਸੁਰੱਖਿਆ ਕਾਨੂੰਨ ਦੀ ਧਾਰਾ 12 ਦੇ ਅਨੁਸਾਰ ਹੈ (DSG)।

### ਪ੍ਰੋਸੈਸਿੰਗ ਲਈ ਕਾਨੂੰਨੀ ਆਧਾਰ:

ਡਾਟਾ ਸੁਰੱਖਿਆ ਕਾਨੂੰਨ (DSG) ਦੀ ਧਾਰਾ 12,13; ਸਿਵਲ ਕੋਡ (ABGB) ਦੀ ਧਾਰਾ 353 ff ਅਤੇ ਧਾਰਾ 1157; ਫੈਡਰਲ ਸਿਵਲ ਸਰਵੈਂਟਸ ਪ੍ਰੋਟੈਕਸ਼ਨ ਐਕਟ (B-BSG) ਦੀ ਧਾਰਾ 3; ਕ੍ਰਿਮੀਨਲ ਪ੍ਰੋਸੀਜਰ ਕੋਡ 1975 (StPO) ਦੀ ਧਾਰਾ 80

**ਸਮਾਂ ਜਿਸ ਲਈ ਵਿਅਕਤੀਗਤ ਡਾਟਾ ਸਟੋਰ ਕੀਤਾ ਜਾਵੇਗਾ:**

72 ਘੰਟੇ ਜੇ ਅਜਿਹਾ ਡਾਟਾ ਉਸ ਮੰਤਵ ਲਈ ਨਹੀਂ ਚਾਹੀਦਾ ਹੈ ਜਿਸ ਲਈ ਇਸ ਨੂੰ ਇਕੱਠਾ ਕੀਤਾ ਗਿਆ ਹੈ

**ਵਿਅਕਤੀਗਤ ਡਾਟਾ ਪ੍ਰਾਪਤ ਕਰਨ ਵਾਲਿਆਂ ਦੀਆਂ ਸ਼੍ਰੇਣੀਆਂ:**

ਯੋਗ ਅਥੌਰਿਟੀ ਕ੍ਰਮਵਾਰ ਯੋਗ ਅਦਾਲਤ (ਅਪਰਾਧਿਕ ਮਾਮਲਿਆਂ ਵਿੱਚ ਸਬੂਤ ਪ੍ਰਾਪਤ ਕਰਨ ਲਈ); ਸੁਰੱਖਿਆ ਏਜੰਸੀਆਂ (ਖੁਫੀਆ ਮੰਤਵਾਂ ਲਈ); ਅਦਾਲਤਾਂ (ਸਿਵਲ ਕੇਸਾਂ ਵਿੱਚ ਸਬੂਤ ਪ੍ਰਾਪਤ ਕਰਨ ਲਈ), ਬੀਮਾ ਕੰਪਨੀਆਂ (ਕੇਵਲ ਬੀਮਾ ਦਾਅਵਿਆਂ ਦੇ ਨਿਪਟਾਰੇ ਲਈ)

**ਡਾਟੇ ਵਾਲੇ ਵਿਅਕਤੀ ਦੇ ਅਧਿਕਾਰ**:

ਆਸਟ੍ਰੀਅਨ ਡਾਟਾ ਸੁਰੱਖਿਆ ਅਥਾਰਟੀ (1080 Wien, Wickenburggasse 8, ਫੋਨ +43 1 52 152-0, ਈਮੇਲ dsb@dsb.gv.at) ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਡਾਟਾ ਸੁਰੱਖਿਆ ਐਕਟ (DSG) ਦੀ ਧਾਰਾ 24, ਪੈਰਾ 1 ਦੇ ਅਨੁਸਾਰ ਲਾਗੂ ਹੁੰਦਾ ਹੈ।

ਪਹੁੰਚ ਦਾ ਅਧਿਕਾਰ DSGVO ਦੀ ਧਾਰਾ 15 ਵਿੱਚ ਦਿੱਤਾ ਗਿਆ ਹੈ।

ਸੋਧ ਦਾ ਅਧਿਕਾਰ DSGVO ਦੀ ਧਾਰਾ 16 ਵਿੱਚ ਦਿੱਤਾ ਗਿਆ ਹੈ।

ਮਿਟਾਉਣ ਦਾ ਅਧਿਕਾਰ ('ਭੁੱਲ ਜਾਣ ਦਾ ਅਧਿਕਾਰ') DSGVO ਦੀ ਧਾਰਾ 17 ਵਿੱਚ ਦਿੱਤਾ ਗਿਆ ਹੈ।

ਪਨਾਹ ਮੰਗਣ ਵਾਲਿਆਂ ਅਤੇ ਹੋਰ ਯੋਗ ਏਲੀਅਨਾਂ ਨੂੰ ਮੁੱਢਲੀ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਤੇ ਸੰਘੀ ਕਾਨੂੰਨ ਅਨੁਸਾਰ ਨਿੱਜੀ ਡਾਟੇ ਦੀ ਪ੍ਰੋਸੈਸਿੰਗ ਤੇ ਨਾ ਹੀ ਧਾਰਾ 21 DSGVO ਦੇ ਅਨੁਸਾਰ ਇਤਰਾਜ਼ ਦਾ ਕੋਈ ਅਧਿਕਾਰ ਅਤੇ ਨਾ ਹੀ DSGVO ਦੀ ਧਾਰਾ 18 ਦੇ ਅਨੁਸਾਰ ਡਾਟਾ ਪ੍ਰੋਸੈਸਿੰਗ ਤੇ ਪਾਬੰਦੀ ਦਾ ਕੋਈ ਅਧਿਕਾਰ ਲਾਗੂ ਹੁੰਦਾ ਹੈ।